# ਐਸਐਸਪੀ ਫਰੀਦਕੋਟ ਦੀ ਵੱਡੀ ਕਾਰਵਾਈ, ਕਣਕ ਦੇ ਹਜ਼ਾਰਾਂ ਗੱਟਿਆਂ ਦਾ ਗਬਨ ਕਰਨ ’ਤੇ 4 ਖਿਲਾਫ਼ ਮਾਮਲਾ ਦਰਜ

ਫਰੀਦਕੋਟ ਇਕ ਵੇਅਰ ਹਾਊਸ ਦੇ ਗੋਦਾਮ ਇੰਚਾਰਜ ਅਤੇ ਤਿੰਨ ਸਕਿਓਰਿਟੀ ਗਾਰਡਾਂ ਵੱਲੋਂ ਮਿਲੀਭੁਗਤ ਨਾਲ ਕਣਕ ਦੇ 23000 ਗੱਟਿਆਂ ਦਾ ਗਬਨ ਕਰਕੇ ਸਰਕਾਰ ਨੂੰ ਕਰੋੜਾਂ ਦਾ ਚੂਨਾ ਲਾਉਣ ਦਾ ਮਾਮਲਾ ਸਾਹਮਣੇ ਆਇਆ, ਜਿਸ ਤੇ ਕਾਰਵਾਈ ਕਰਦਿਆ ਜਿਲ੍ਹੇ ਦੀ ਸੀਨੀਅਰ ਪੁਲਿਸ ਕਪਤਾਨ ਅਵਨੀਤ ਕੌਰ ਸਿਧੂ ਨੇ ਦੱਸਿਆ ਕਿ ਬੀਤੀ ਰਾਤ ਨੂੰ ਇਸ ਗੋਦਾਮ ’ਚ ਕਣਕ ਦੇ ਸਟਾਕ ਨੂੰ ਅੱਗ ਲੱਗਣ ਦੀ ਘਟਨਾ ਵਾਪਰੀ ਸੀ, ਜਿਸ ਸਬੰਧੀ ਜਦ ਪੜਤਾਲ ਕੀਤੀ ਗਈ ਤਾਂ ਇਹ ਪਾਇਆ ਗਿਆ ਕਿ ਇਨ੍ਹਾਂ ਚਾਰਾਂ ਨੇ ਆਪਣੇ ਜੁਰਮ ਨੂੰ ਲੁਕਾਉਣ ਲਈ ਕਣਕ ਦੇ ਸਟਾਕ ਨੂੰ ਅੱਗ ਲਾ ਕੇ ਇਸ ਨੂੰ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਵਾਪਰੇ ਹਾਦਸੇ ਨਾਲ ਜੋੜ ਦਿੱਤਾ ਪਰ ਜਦੋਂ ਇਸ ਸਬੰਧੀ ਨਿਗਮ ਦੀ ਵਿਜੀਲੈਂਸ ਟੀਮ ਵੱਲੋਂ ਜਾਇਜ਼ਾ ਲਿਆ ਗਿਆ ਤਾਂ ਪੜਤਾਲੀਆ ਰਿਪੋਰਟ ’ਚ ਇਹ ਪਾਇਆ ਗਿਆ ਕਿ ਗੋਦਾਮ ’ਚੋਂ 23000 ਕਣਕ ਦੇ ਗੱਟਿਆਂ ਦੀ ਘਾਟ ਹੈ। ਇਨ੍ਹਾਂ ਚਾਰਾਂ ਖਿਲਾਫ਼ ਥਾਣਾ ਸਿਟੀ ਵਿਖੇ ਅਧੀਨ ਧਾਰਾ 420/409/436 ਆਈ. ਪੀ. ਸੀ. ਤਹਿਤ ਮੁਕੱਦਮਾ ਦਰਜ ਕਰਕੇ ਇਨ੍ਹਾਂ ਦੀ ਗਿਫ਼ਤਾਰੀ ਲਈ ਕਾਰਵਾਈ ਜਾਰੀ ਹੈ।